ਜਮਾਤ ਨੌਵੀਂ  ਵਿਸ਼ਾ ਪੰਜਾਬੀ

# ਕਵਿਤਾ ਭਾਗ
# ਨੰਦ ਲਾਲ ਨੂਰਪੁਰੀ

## ਮਾਤਾ ਗੁਜਰੀ ਜੀ

ਅੱਧੀ ਰਾਤੀਂ ਮਾਂ ਗੁਜਰੀ , ਬੈਠੀ , ਘੋੜੀਆਂ ਚੰਦਾਂ ਦੀਆਂ ਗਾਵੇ।
ਅੱਖੀਆਂ ਦੇ ਤਾਰਿਆਂ ਦਾ, ਮੈਨੂੰ ਚਾਨਣਾ ਨਜ਼ਰ ਨਾ ਆਵੇ ।
ਨੀ ਕੱਲ੍ਹ ਜਦੋਂ ਸੌਣ ਲੱਗੀ , ਮੇਰੇ ਕੋਲ ਹੀਰਿਆਂ ਦੀ ਜੋੜੀ ।
ਪਿੰਡਿਆਂ ' ਤੇ ਹੱਥ ਫੇਰ ਕੇ , ਮੈਂ ਆਖਿਆ ਵੰਡੂੰਗੀ ਲੋਹੜੀ
ਢਿੱਡ ਦਾ ਸੇਕ ਬੁਰਾ , ਨੀ ਮੈਥੋਂ ਝੱਲਿਆ ਨਾ ਜਾਵੇ
ਅੱਧੀ ਰਾਤੀਂ ਮਾਂ ਗੁਜਰੀ ........

**ਪ੍ਰਸੰਗ:** ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਮਾਤਾ ਗੁਜਰੀ ਜੀ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਮਗਰੋਂ ਉਹਨਾਂ ਦੇ ਵਿਛੋੜੇ ਅਤੇ ਮੌਤ ਦੇ ਦਰਦ ਨੂੰ ਮਾਤਾ ਗੁਜਰੀ ਜੀ ਵੱਲੋਂ ਘੋੜੀਆਂ ਗਾ ਕੇ ਪ੍ਰਗਟ ਕਰਦਿਆਂ ਦਰਸਾਇਆ ਗਿਆ ਹੈ।

**ਵਿਆਖਿਆ:** ਇਹਨਾਂ ਸਤਰਾਂ ਵਿੱਚ ਕਵੀ ਲਿਖਦਾ ਹੈ ਕਿ ਅੱਧੀ ਰਾਤ ਦੇ ਸਮੇਂ ਮਾਤਾ ਗੁਜਰੀ ਜੀ ਬੈਠ ਕੇ ਆਪਣੇ ਸ਼ਹੀਦ ਹੋ ਚੁੱਕੇ ਦੋਵੇਂ ਪੋਤਰਿਆਂ -ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਦੇ ਵਿਛੋੜੇ ਦੇ ਦਰਦ ਨੂੰ ਘੋੜੀਆਂ ਗਾ ਕੇ ਪ੍ਰਗਟ ਕਰਦੀ ਹੋਈ ਕਹਿ ਰਹੀ ਸੀ ਕਿ ਅੱਜ ਉਸ ਨੂੰ ਆਪਣੀਆਂ ਅੱਖਾਂ ਤੇ ਤਾਰਿਆਂ ਦਾ ਚਾਨਣ ਕਿਧਰੇ ਨਜ਼ਰ ਨਹੀਂ ਆ ਰਿਹਾ। ਕੱਲ੍ਹ ਜਦੋਂ ਉਹ ਆਪਣੀ ਹੀਰਿਆਂ ਦੀ ਜੋੜੀ ਪੋਤਰਿਆਂ ਨੂੰ ਲੈ ਕੇ ਸੌਣ ਲੱਗੀ ਸੀ ਤਾਂ ਉਸਨੇ ਉਨ੍ਹਾਂ ਦੇ ਸਰੀਰ ਤੇ ਹੱਥ ਫੇਰਦਿਆਂ ਕਿਹਾ ਸੀ ਕਿ ਉਸਨੇ ਥੋੜ੍ਹੇ ਹੀ ਦਿਨਾਂ ਨੂੰ ਉਹਨਾਂ ਦੀ ਲੋਹੜੀ ਵੰਡਣੀ ਹੈ। ਮੋਹ ਅਤੇ ਮਮਤਾ ਵਿਚ ਭਿੱਜੀ ਮਾਤਾ ਗੁਜਰੀ ਆਖ ਰਹੀ ਹੈ ਕਿ ਪੋਤਰਿਆਂ ਦੇ ਵਿਛੋੜੇ ਦੇ ਦੁੱਖ ਨੂੰ ਸਹਿਣਾ ਉਸ ਲਈ ਬਹੁਤ ਹੀ ਔਖਾ ਹੈ।

ਸੁਫ਼ਨਾ ਸੱਚ ਹੋ ਗਇਆ , ਮੇਰੇ ਨਾਲ ਝਗੜ ਪਈ ਹੋਣੀ।
ਇੱਟ ਉੱਤੇ ਇੱਟ ਰੱਖ ਕੇ , ਤੇਰੇ ਹੀਰਿਆਂ ਦੀ ਚਮਕ ਲਕੋਣੀ।
ਨੀ ਛਾਤੀ ਨਾਲ਼ ਮੈਂ ਲਾ ਲਏ,ਜਾਂ ਉਹ ਉੱਛਲੀ ਭਰਨ ਕਲਾਵੇ।
ਅੱਧੀ ਰਾਤੀਂ ਮਾਂ ਗੁਜਰੀ ........।

**ਪ੍ਰਸੰਗ:** ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਮਾਤਾ ਗੁਜਰੀ ਜੀ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਮਗਰੋਂ ਉਹਨਾਂ ਦੇ ਵਿਛੋੜੇ ਅਤੇ ਮੌਤ ਦੇ ਦਰਦ ਨੂੰ ਮਾਤਾ ਗੁਜਰੀ ਜੀ ਵੱਲੋਂ ਘੋੜੀਆਂ ਗਾ ਕੇ ਪ੍ਰਗਟ ਕਰਦਿਆਂ ਦਰਸਾਇਆ ਗਿਆ ਹੈ।

**ਵਿਆਖਿਆ:** ਇਨ੍ਹਾਂ ਸਤਰਾਂ ਵਿੱਚ ਮਾਤਾ ਗੁਜਰੀ ਆਖ ਰਹੀ ਹੈ ਕਿ ਉਸ ਨੂੰ ਆਇਆ ਬੁਰਾ ਸੁਪਨਾ ਸੱਚ ਹੋ ਗਿਆ ਹੈ, ਜਿਸ ਸੁਪਨੇ ਵਿੱਚ ਉਸ ਦੇ ਨਾਲ ਹੋਣੀ ਝਗੜਾ ਕਰ ਰਹੀ ਸੀ ਤੇ ਕਹਿ ਰਹੀ ਸੀ ਕਿ ਉਸ ਨੇ ਉਸ ਦੇ ਹੀਰੇ ਵਰਗੇ ਪੋਤਰਿਆਂ ਦੀ ਚਮਕ ਨੂੰ ਇੱਟਾਂ ਵਿੱਚ ਬੰਦ ਕਰਕੇ ਲੁਕਾ ਦੇਣਾ ਹੈ। ਜਦੋਂ ਹੋਣੀ ਉਹਦੇ ਪੋਤਰਿਆਂ ਨੂੰ ਖੋਹਣ ਲਈ ਉਛਾਲਾ ਮਾਰ ਕੇ ਕਲਾਵਾ ਭਰਨ ਲੱਗੀ ਸੀ ਤਾਂ ਉਸਨੇ ਉਨ੍ਹਾਂ ਨੂੰ ਬਚਾਉਣ ਦੀ ਖ਼ਾਤਰ ਆਪਣੀ ਛਾਤੀ ਨਾਲ ਲਾ ਲਿਆ ਸੀ।

ਇੱਕ ਦਿਨ ਪੁੱਛਦੇ ਸੀ,ਦਾਦੀ ਪਿਤਾ ਜੀ ਕੋਲ ਕਦ ਜਾਣਾ।
ਐਤਕੀਂ ਤਾਂ ਰੱਜ-ਰੱਜ ਕੇ,ਅਸੀਂ ਹੱਸ-ਹੱਸ ਗਲ਼ ਲੱਗ ਜਾਣਾ ।
ਇੱਕ ਇੱਕ ਬੋਲ ਚੰਦਰਾ,ਨੀ ਮੇਰੇ ਧੂਹ ਕਾਲਜੇ ਨੂੰ ਪਾਵੇ।
ਅੱਧੀ ਰਾਤੀਂ ਮਾਂ ਗੁਜਰੀ................।

**ਪ੍ਰਸੰਗ:** ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਮਾਤਾ ਗੁਜਰੀ ਜੀ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਮਗਰੋਂ ਉਹਨਾਂ ਦੇ ਵਿਛੋੜੇ ਅਤੇ ਮੌਤ ਦੇ ਦਰਦ ਨੂੰ ਮਾਤਾ ਗੁਜਰੀ ਜੀ ਵੱਲੋਂ ਘੋੜੀਆਂ ਗਾ ਕੇ ਪ੍ਰਗਟ ਕਰਦਿਆਂ ਦਰਸਾਇਆ ਗਿਆ ਹੈ।

**ਵਿਆਖਿਆ:** ਇਨ੍ਹਾਂ ਸਤਰਾਂ ਵਿੱਚ ਮਾਤਾ ਗੁਜਰੀ ਆਖ ਰਹੀ ਹੈ ਕਿ ਉਸਦੇ ਦੋਵੇਂ ਪੋਤਰੇ ਇੱਕ ਦਿਨ ਪੁੱਛ ਰਹੇ ਸੀ ਕਿ ਉਨ੍ਹਾਂ ਨੇ ਆਪਣੇ ਸ਼ਹੀਦ ਹੋ ਚੁੱਕੇ ਦਾਦਾ ਜੀ ਗੁਰੂ ਤੇਗ ਬਹਾਦਰ ਜੀ ਕੋਲ ਉਨ੍ਹਾਂ ਨੂੰ ਮਿਲਣ ਲਈ ਕਦੋਂ ਜਾਣਾ ਹੈ? ਹੁਣ ਜਦੋਂ ਵੀ ਉਹ ਉਹਨਾਂ ਨੂੰ ਮਿਲਣਗੇ ਤਾਂ ਉਨ੍ਹਾਂ ਦੇ ਗਲ਼ ਲੱਗ ਜਾਣਗੇ ਅਤੇ ਰੱਜ ਕੇ ਹੱਸ-ਹੱਸ ਕੇ ਉਨ੍ਹਾਂ ਨਾਲ ਗੱਲਾਂ ਕਰਨਗੇ। ਉਦੋਂ ਉਨ੍ਹਾਂ ਦਾ ਬੋਲਿਆ ਇੱਕ-ਇੱਕ ਬੋਲ ਉਸਦੇ ਕਲੇਜੇ ਨੂੰ ਕੱਢਦਾ ਜਾ ਰਿਹਾ ਸੀ ਪਰ ਅੱਜ ਉਨ੍ਹਾਂ ਦੇ ਕਹੇ ਸਾਰੇ ਬੋਲ ਸੱਚ ਹੋ ਗਏ ਹਨ।

ਕੱਲ੍ਹ ਮੇਰੇ ਕੋਲ ਵੱਸਦੇ , ਅੱਜ ਨਜ਼ਰ ਕਿਤੇ ਨਾ ਆਂਦੇ ,
ਨਿੱਕੇ - ਨਿੱਕੇ ਓਦਰੇ ਹੋਏ ,ਕੀਹਨੂੰ ਹੋਣਗੇ ਦਰਦ ਸੁਣਾਂਦੇ ॥
ਵੇ ਲੱਭ ਤੇ ਸਹੀ ‘ ਨੂਰਪੁਰੀ,ਮੇਰੇ ਨੈਣਾਂ ਨੂੰ ਨੀਂਦ ਨਾ ਆਵੇ।
ਅੱਧੀ ਰਾਤੀਂ ਮਾਂ ਗੁਜਰੀ ............................।

**ਪ੍ਰਸੰਗ:** ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਮਾਤਾ ਗੁਜਰੀ ਜੀ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਮਗਰੋਂ ਉਹਨਾਂ ਦੇ ਵਿਛੋੜੇ ਅਤੇ ਮੌਤ ਦੇ ਦਰਦ ਨੂੰ ਮਾਤਾ ਗੁਜਰੀ ਜੀ ਵੱਲੋਂ ਘੋੜੀਆਂ ਗਾ ਕੇ ਪ੍ਰਗਟ ਕਰਦਿਆਂ ਦਰਸਾਇਆ ਗਿਆ ਹੈ।

**ਵਿਆਖਿਆ:** ਇਨ੍ਹਾਂ ਸਤਰਾਂ ਵਿੱਚ ਮਾਤਾ ਗੁਜਰੀ ਆਖ ਰਹੀ ਹੈ ਕਿ ਅਜੇ ਕੱਲ੍ਹ ਉਹ ਉਸਦੇ ਕੋਲ ਵਸਦੇ ਸਨ ਪਰ ਅੱਜ ਉਸ ਨੂੰ ਉਹ ਕਿਸੇ ਪਾਸੇ ਵੀ ਨਜ਼ਰ ਨਹੀਂ ਆ ਰਹੇ। ਉਹ ਛੋਟੇ ਛੋਟੇ ਬੱਚੇ ਉਦਾਸ ਹੋਏ ਕਿਸ ਨੂੰ ਆਪਣਾ ਦਰਦ ਸੁਣਾਉਂਦੇ ਹੋਣਗੇ? ਕੋਈ ਉਹਨਾਂ ਨੂੰ ਕਿਤੋਂ ਲੱਭ ਕੇ ਲੈ ਆਵੇ ਕਿਉਂਕਿ ਉਹਨਾਂ ਨੂੰ ਦੇਖੇ ਬਿਨਾਂ ਮੇਰੀਆਂ ਅੱਖਾਂ ਵਿੱਚ ਨੀਂਦ ਨਹੀਂ ਆਵੇਗੀ।

**ਪ੍ਰਸ਼ਨ ਉੱਤਰ:**

ਪ੍ਰਸ਼ਨ: 'ਮਾਤਾ ਗੁਜਰੀ ਜੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।
ਉੱਤਰ: ਮਾਤਾ ਗੁਜਰੀ ਜੀ ਨੇ ਆਪਣੇ ਪੋਤਰਿਆਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਦੀ ਸ਼ਹੀਦੀ ਮਗਰੋਂ ਉਨ੍ਹਾਂ ਦੇ ਵਿਛੋੜੇ ਦੇ ਦੁੱਖ ਨੂੰ ਘੋੜੀਆਂ ਗਾ ਕੇ ਪ੍ਰਗਟ ਕੀਤਾ।
ਪ੍ਰਸ਼ਨ: 'ਮਾਤਾ ਗੁਜਰੀ ਜੀ' ਕਵਿਤਾ ਕਿਹੜੇ ਸਾਹਿਬਜ਼ਾਦਿਆਂ ਵੱਲ ਸੰਕੇਤ ਕਰਦੀ ਹੈ?
ਉੱਤਰ: ਛੋਟੇ ਸਾਹਿਬਜ਼ਾਦਿਆਂ ਜੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਵੱਲ।
ਪ੍ਰਸ਼ਨ: ਛੋਟੇ ਸਾਹਿਬਜ਼ਾਦਿਆਂ ਦੇ ਦਾਦਾ ਜੀ ਕੌਣ ਸਨ?
ਉੱਤਰ: ਗੁਰੂ ਤੇਗ ਬਹਾਦਰ ਜੀ।
ਪ੍ਰਸ਼ਨ: 'ਮਾਤਾ ਗੁਜਰੀ ਜੀ' ਕਵਿਤਾ ਕਿਸ ਕਵੀ ਦੀ ਰਚਨਾ ਹੈ?
ਉੱਤਰ: ਨੰਦ ਲਾਲ ਨੂਰਪੁਰੀ ਦੀ।

---

## ਜੀਉਂਦੇ ਭਗਵਾਨ

ਓ ਦੁਨੀਆ ਦੇ ਬੰਦਿਓ ਪੂਜੋ ਉਹਨਾਂ ਨੇਕ ਇਨਸਾਨਾਂ ਨੂੰ
ਦੇਸ਼ ਦੀ ਖ਼ਾਤਰ ਵਾਰ ਗਏ ਜੋ ਪਿਆਰੀਆਂ-ਪਿਆਰੀਆਂ ਜਾਨਾਂ ਨੂੰ ।
ਸਰੂਆਂ ਵਰਗੇ , ਸੋਨੇ ਵਰਗੇ , ਹੀਰੇ ਪੁੱਤਰ ਮਾਂਵਾਂ ਦੇ
ਚਾਅ ਜਿਨ੍ਹਾਂ ਦੇ ਮਿਲਣ ਵਾਸਤੇ ,ਰੋਂਦੇ ਭੈਣ ਭਰਾਵਾਂ ਦੇ
ਬੁੱਢੇ ਬਾਪੂ ਖੜ੍ਹੇ ਉਡੀਕਣ , ਗੱਭਰੂ ਪੁੱਤ ਜਵਾਨਾਂ ਨੂੰ
ਓ ਦੁਨੀਆ ਦੇ ... .... .................!

**ਪ੍ਰਸੰਗ:** ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਜੀਉਂਦੇ ਭਗਵਾਨ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਭਾਰਤ ਦੇਸ਼ ਵਾਸੀਆਂ ਨੂੰ

ਇਸ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਦੇਸ਼-ਭਗਤਾਂ ਦੀ ਪੂਜਾ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਵਿਆਖਿਆ: ਕਵੀ ਇਨ੍ਹਾਂ ਸਤਰਾਂ ਵਿੱਚ ਕਹਿ ਰਿਹਾ ਹੈ ਕਿ ਹੇ ਦੁਨੀਆਂ ਦੇ ਲੋਕੋ! ਤੁਹਾਨੂੰ ਉਹਨਾਂ ਨੇਕ ਇਨਸਾਨਾਂ ਨੂੰ ਪੂਜਣਾ ਚਾਹੀਦਾ ਹੈ ਜੋ ਇਸ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਹਨ। ਤੁਹਾਨੂੰ ਉਨ੍ਹਾਂ ਮਾਵਾਂ ਦੇ ਹੀਰੇ ਵਰਗੇ, ਸੋਨੇ ਵਰਗੇ, ਸਰੂ ਜਿਹੇ ਕੱਦ ਵਾਲੇ ਪੁੱਤਰਾਂ ਦੀ ਪੂਜਾ ਕਰਨੀ ਚਾਹੀਦੀ ਹੈ ਜੋ ਇਸ ਦੇਸ਼ ਦੀ ਖ਼ਾਤਰ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਹਨ। ਜਿਨ੍ਹਾਂ ਨੂੰ ਮਿਲਣ ਲਈ ਉਨ੍ਹਾਂ ਦੇ ਭੈਣ-ਭਰਾਵਾਂ ਦੇ ਚਾਅ ਰੋ ਰਹੇ ਹਨ। ਜਿਨ੍ਹਾਂ ਦੇ ਬੁੱਢੇ ਬਾਪ ਆਪਣੇ ਪੁੱਤਰਾਂ ਨੂੰ ਮਿਲਣ ਲਈ ਉਹਨਾਂ ਦੀ ਉਡੀਕ ਕਰ ਰਹੇ ਹਨ ਪਰ ਉਨ੍ਹਾਂ ਦੇ ਉਹ ਪੁੱਤਰ ਤਾਂ ਦੇਸ਼ ਤੋਂ ਆਪਣੀ ਜਾਨ ਵਾਰ ਗਏ ਹਨ ਤੇ ਉਹ ਕਦੇ ਵੀ ਵਾਪਸ ਨਹੀਂ ਆਉਣਗੇ।

ਕਈ ਨਾਰਾਂ ਦੇ ਫੁੱਲਾਂ ਵਰਗੇ , ਹਾਲੇ ਰੂਪ ਨਰੋਏ ਨੇ
ਸ਼ਗਨਾਂ ਦੇ ਹੱਥਾਂ ਵਿੱਚ ਗਾਨੇ , ਚਾਅ ਨਾ ਪੂਰੇ ਹੋਏ ਨੇ
ਦਿਲ ਦੇ ਵਿੱਚ ਲੁਕੋਈ ਬੈਠੀਆਂ ਲੱਖਾਂ ਹੀ ਅਰਮਾਨਾਂ ਨੂੰ
ਓ ਦੁਨੀਆ ਦੇ .....................................।

ਪ੍ਰਸੰਗ: ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਜੀਉਂਦੇ ਭਗਵਾਨ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਭਾਰਤ ਦੇਸ਼ ਵਾਸੀਆਂ ਨੂੰ ਇਸ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਦੇਸ਼-ਭਗਤਾਂ ਦੀ ਪੂਜਾ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਵਿਆਖਿਆ: ਇਹਨਾਂ ਸਤਰਾਂ ਵਿੱਚ ਕਵੀ ਕਹਿੰਦਾ ਹੈ ਕਿ ਉਨ੍ਹਾਂ ਦੇਸ਼ ਤੋਂ ਕੁਰਬਾਨ ਹੋਣ ਵਾਲਿਆਂ ਵਿੱਚ ਅਜਿਹੇ ਨੌਜਵਾਨ ਵੀ ਸ਼ਾਮਲ ਸਨ ਜਿਨ੍ਹਾਂ ਦੀਆਂ ਨਾਰਾਂ ਦੇ ਰੂਪ ਅਜੇ ਤੱਕ ਫੁੱਲਾਂ ਵਾਂਗ ਨਰੋਏ ਸਨ ਭਾਵ ਕਿ ਜਿਨ੍ਹਾਂ ਨੂੰ ਵਿਆਹਿਆਂ ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ। ਜਿਨ੍ਹਾਂ ਦੇ ਹੱਥਾਂ ਵਿਚ ਸ਼ਗਨਾਂ ਦੇ ਗਾਨੇ ਬੰਨ੍ਹੇ ਹੋਏ ਸਨ ਅਤੇ ਉਨ੍ਹਾਂ ਦੇ ਤਾਂ ਅਜੇ ਚਾਅ ਵੀ ਪੂਰੇ ਨਹੀਂ ਸਨ ਹੋਏ। ਉਹ ਨਾਰਾਂ ਆਪਣੇ ਦਿਲ ਵਿੱਚ ਲੱਖਾਂ ਹੀ ਅਰਮਾਨ ਅਤੇ ਚਾਵਾਂ ਨੂੰ ਲਕੋਈ ਬੈਠੀਆਂ ਹਨ। ਇਸ ਲਈ ਹੇ ਦੁਨੀਆਂ ਦੇ ਲੋਕੋ! ਤੁਹਾਨੂੰ ਉਹਨਾਂ ਦੇਸ਼ ਤੋਂ ਕੁਰਬਾਨ ਹੋਣ ਵਾਲਿਆਂ ਦੀ ਪੂਜਾ ਕਰਨੀ ਚਾਹੀਦੀ ਹੈ।

ਕਿਹਨੂੰ ਨਹੀਂ ਜੀਵਨ ਦੀਆਂ ਲੋੜਾਂ , ਹਰ ਕੋਈ ਜਿਉਣਾ ਚਾਹੁੰਦਾ ਏ
ਤਰ੍ਹਾਂ-ਤਰ੍ਹਾਂ ਦੇ ਇਸ ਜੀਵਨ ਲਈ , ਬੰਦਾ ਜਾਲ ਵਿਛੌਂਦਾ ਏ
ਜੀਉਣਾ ਉਸ ਬੰਦੇ ਦਾ ਜੀਉਣਾ , ਰੋਕੇ ਜੋ ਤੂਫ਼ਾਨਾਂ ਨੂੰ
ਓ ਦੁਨੀਆ ਦੇ ..............।

**ਪ੍ਰਸੰਗ:** ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਜੀਉਂਦੇ ਭਗਵਾਨ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਭਾਰਤ ਦੇਸ਼ ਵਾਸੀਆਂ ਨੂੰ ਇਸ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਦੇਸ਼-ਭਗਤਾਂ ਦੀ ਪੂਜਾ ਕਰਨ ਦੀ ਪ੍ਰੇਰਨਾ ਦਿੰਦਾ ਹੈ

**ਵਿਆਖਿਆ:** ਕਵੀ ਇਨ੍ਹਾਂ ਸਤਰਾਂ ਵਿੱਚ ਕਹਿੰਦਾ ਹੈ ਕਿ ਇਸ ਦੁਨੀਆਂ ਉੱਤੇ ਕਿਹੜਾ ਬੰਦਾ ਜਿਉਣਾ ਨਹੀਂ ਚਾਹੁੰਦਾ? ਹਰ ਇੱਕ ਨੂੰ ਆਪਣੀ ਜ਼ਿੰਦਗੀ ਪਿਆਰੀ ਹੁੰਦੀ ਹੈ। ਜ਼ਿੰਦਗੀ ਜਿਉਣ ਲਈ ਇਨਸਾਨ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਦਾ ਹੈ। ਅਸਲ ਵਿਚ ਉਸ ਬੰਦੇ ਦਾ ਜਿਉਣਾ ਹੀ ਅਸਲੀ ਜਿਉਣਾ ਹੁੰਦਾ ਹੈ ਜੋ ਤੂਫ਼ਾਨਾ ਨੂੰ ਰੋਕਣ ਲਈ ਉਹਨਾਂ ਅੱਗੇ ਡਟ ਜਾਂਦਾ ਹੈ ਅਤੇ ਰੋਕ ਦਿੰਦਾ ਹੈ। ਇਸ ਲਈ ਹੇ ਦੁਨੀਆਂ ਦੇ ਲੋਕੋ! ਦੇਸ਼ ਦੀ ਖ਼ਾਤਰ ਮਰ-ਮਿਟਣ ਵਾਲੇ ਉਨ੍ਹਾਂ ਨੇਕ ਇਨਸਾਨਾਂ ਦੀ ਪੂਜਾ ਕਰੋ।

ਸ਼ੇਰਾਂ ਦੀ ਛਾਤੀ ' ਤੇ ਬਹਿ ਕੇ , ਮੌਤ ਜਿਨ੍ਹਾਂ ਨੇ ਮੰਗੀ ਏ
ਖ਼ੂਨ ਦੀਆਂ ਨਦੀਆਂ ਵਿੱਚ ਡੁੱਬ ਕੇ , ਗੋਰੀ ਚਮੜੀ ਰੰਗੀ ਏ
ਨਵੀਂ ਦੇਸ ' ਤੇ ਰੰਗਣ ਚਾੜ੍ਹੀ , ਪੂਜੋ ਉਹਨਾਂ ਭਗਵਾਨਾਂ ਨੂੰ
ਓ ਦੁਨੀਆ ਦੇ ...........।

**ਪ੍ਰਸੰਗ:** ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਜੀਉਂਦੇ ਭਗਵਾਨ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਭਾਰਤ ਦੇਸ਼ ਵਾਸੀਆਂ ਨੂੰ ਇਸ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਦੇਸ਼-ਭਗਤਾਂ ਦੀ ਪੂਜਾ ਕਰਨ ਦੀ ਪ੍ਰੇਰਨਾ ਦਿੰਦਾ ਹੈ।

**ਵਿਆਖਿਆ:** ਇਹਨਾਂ ਸਤਰਾਂ ਵਿੱਚ ਕਵੀ ਕਹਿੰਦਾ ਹੈ ਕਿ ਹੇ ਦੁਨੀਆਂ ਦੇ ਲੋਕੋ ਤੁਹਾਨੂੰ ਉਹਨਾਂ ਦੇਸ਼ ਦੀ ਖ਼ਾਤਰ ਮਰ ਮਿਟਣ ਵਾਲੇ ਦੇਸ਼-ਭਗਤਾਂ ਦੀ ਪੂਜਾ ਕਰਨੀ ਚਾਹੀਦੀ ਹੈ ਜਿਹਨਾਂ ਨੇ ਸ਼ੇਰਾਂ ਵਰਗੇ ਖ਼ੂੰਖ਼ਾਰ ਤੇ ਜ਼ਾਲਮ ਹੁਕਮਰਾਨਾਂ ਦੀ ਛਾਤੀ ਤੇ ਬੈਠ ਕੇ ਆਪਣੇ ਲਈ ਮੌਤ ਮੰਗੀ ਹੈ। ਜਿਨ੍ਹਾਂ ਨੇ ਖ਼ੂਨ ਦੀਆਂ ਨਦੀਆਂ ਵਿਚ ਡੁੱਬ ਕੇ ਆਪਣੀ ਗੋਰੀ ਚਮੜੀ ਨੂੰ ਰੰਗ ਲਿਆ ਹੈ ਭਾਵ ਕਿ ਉਹ ਦੇਸ਼ ਦੀ ਖ਼ਾਤਰ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਹਨ। ਉਹਨਾਂ ਨੇ ਆਪਣੇ ਇਨ੍ਹਾਂ ਕਾਰਨਾਮਿਆਂ ਨਾਲ ਦੇਸ਼ ਉੱਤੇ ਇੱਕ ਨਵੀਂ ਰੰਗਤ ਚਾੜ੍ਹ ਦਿੱਤੀ ਹੈ। ਇਸ ਲਈ ਹੇ ਦੁਨੀਆਂ ਦੇ ਲੋਕੋ! ਤੁਹਾਨੂੰ ਉਨ੍ਹਾਂ ਵੀਰ ਦੇਸ਼ ਭਗਤਾਂ ਦੀ ਪੂਜਾ ਕਰਨੀ ਚਾਹੀਦੀ ਹੈ।

ਜੀਉਣਾ ਹੁੰਦਾ ਓਸ ਮਰਦ ਦਾ ਕਿਸੇ ਲਈ ਜੋ ਮਰਦਾ ਏ
ਆਪਣੇ ਦੇਸ਼ ਕੌਮ ਦੀ ਖ਼ਾਤਰ , ਜੀਵਨ ਅਰਪਣ ਕਰਦਾ ਏ
ਨੂਰਪੁਰੀ ਬੰਦ ਕਰਦੇ ਬੀਬਾ , ਝੂਠੀਆਂ ਹੋਰ ਦੁਕਾਨਾਂ ਨੂੰ
ਓ ਦੁਨੀਆ ਦੇ ...............................।

**ਪ੍ਰਸੰਗ:** ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਜੀਉਂਦੇ ਭਗਵਾਨ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਭਾਰਤ ਦੇਸ਼ ਵਾਸੀਆਂ ਨੂੰ ਇਸ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਦੇਸ਼-ਭਗਤਾਂ ਦੀ ਪੂਜਾ ਕਰਨ ਦੀ ਪ੍ਰੇਰਨਾ ਦਿੰਦਾ ਹੈ।

**ਵਿਆਖਿਆ:** ਇਨ੍ਹਾਂ ਸਤਰਾਂ ਵਿੱਚ ਕਵੀ ਕਹਿੰਦਾ ਹੈ ਕਿ ਉਸ ਬੰਦੇ ਦਾ ਜੀਉਣਾ ਅਸੀ ਜਿਉਣਾ ਹੁੰਦਾ ਹੈ ਜੋ ਦੂਜਿਆਂ ਦੀ ਖ਼ਾਤਰ ਆਪਣੀ ਜਾਨ ਤੱਕ ਕੁਰਬਾਨ ਕਰ ਦਿੰਦਾ ਹੈ। ਜੋ ਆਪਣੇ ਦੇਸ਼ ਅਤੇ ਕੌਮ ਦੀ ਰੱਖਿਆ ਦੀ ਖਾਤਰ ਆਪਣੀ ਜਾਨ ਤੱਕ ਨਿਸ਼ਾਵਰ ਕਰ ਦਿੰਦਾ ਹੈ। ਕਵੀ ਅੱਗੇ ਕਹਿੰਦਾ ਹੈ ਕਿ ਇਸ ਕੰਮ ਤੋਂ ਬਿਨਾਂ ਬਾਕੀ ਹੋਰ ਸਾਰੇ ਕੰਮ ਸਿਰਫ ਦਿਖਾਵਾ ਮਾਤਰ ਹੀ ਹਨ, ਸੋ ਇਹਨਾਂ ਝੂਠੀਆ ਦੁਕਾਨਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਸ ਲਈ ਹੇ ਦੁਨੀਆਂ ਦੇ ਲੋਕੋ! ਤੁਹਾਨੂੰ ਦੇਸ਼ ਦੀ ਖ਼ਾਤਰ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਉਹਨਾਂ ਦੇਸ਼ ਭਗਤਾਂ ਦੀ ਪੂਜਾ ਕਰਨੀ ਚਾਹੀਦੀ ਹੈ।

## ਪ੍ਰਸ਼ਨ ਉੱਤਰ

**ਪ੍ਰਸ਼ਨ: 'ਜੀਉਂਦੇ ਭਗਵਾਨ' ਕਵਿਤਾ ਦਾ ਕੇਂਦਰੀ ਭਾਵ ਲਿਖੋ।**
**ਉੱਤਰ:** ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਦੇਸ਼-ਭਗਤਾਂ, ਬਹਾਦਰ ਯੋਧਿਆਂ ਦੇ ਪਰਿਵਾਰਾਂ ਨੂੰ ਵੀ ਉਨ੍ਹਾਂ ਦੇ ਵਿਛੋੜੇ ਦਾ ਅਸਹਿ ਦੁੱਖ ਝੱਲਣਾ ਪੈਂਦਾ ਹੈ ਪਰ ਉਨ੍ਹਾਂ ਸ਼ਹੀਦਾਂ ਦਾ ਜੀਵਨ ਹੀ ਅਸਲ ਜੀਵਨ ਕਹਾਉਂਦਾ ਹੈ। ਸਾਨੂੰ ਉਨ੍ਹਾਂ ਦੇਸ਼ ਤੋਂ ਮਰ ਮਿਟਣ ਵਾਲੇ ਦੇਸ਼ ਭਗਤਾਂ ਦੀ ਪੂਜਾ ਕਰਨੀ ਚਾਹੀਦੀ ਹੈ।
**ਪ੍ਰਸ਼ਨ: 'ਜਿਉਂਦੇ ਭਗਵਾਨ' ਕਵਿਤਾ ਵਿੱਚ ਕਵੀ ਕਿਨ੍ਹਾਂ ਵਿਅਕਤੀਆਂ ਨੂੰ ਪੂਜਣ ਲਈ ਕਹਿੰਦਾ ਹੈ?**
**ਉੱਤਰ:** ਦੇਸ਼ ਤੋਂ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਦੇਸ਼ ਭਗਤਾਂ ਨੂੰ।
**ਪ੍ਰਸ਼ਨ: ਕਿਸ ਬੰਦੇ ਦਾ ਜੀਉਣਾ ਅਸਲ ਜੀਉਣਾ ਅਖਵਾਉਂਦਾ ਹੈ?**
**ਉੱਤਰ:** ਜੋ ਕਿਸੇ ਲਈ ਮਰ ਮਿਟੇ।

---

# ਰਾਵੀ ਤੇ ਝਨਾਂ

ਮੇਰੇ ਸਹੁਰਿਆਂ ਨੇ ਜਿਦ - ਜਿਦ ਨਾਂ ਰੱਖਿਆ ,
ਕਿਨੇ ਰਾਵੀ ਰੱਖਿਆ ਤੇ ਝਨਾਂ ਰੱਖਿਆ ।
ਜਾਂ ਮੈਂ ਫੁੱਲਾਂ ਭਰੇ ਘੁੰਡ ਸਰਕਾਏ ਹੱਸ ਕੇ ,
ਝੱਟ ਵੇਲਾਂ ਨਾਲ ਭਰ ਗਏ ਨਸੀਬ ਸੱਸ ਦੇ ।
ਸਾਡੀ ਧੁੱਪ ਨੂੰ ਬਣਾਈ ਲੋਕਾਂ ਛਾਂ ਰੱਖਿਆ ,
ਮੇਰੇ ਸਹੁਰਿਆਂ ਨੇ ……………………।

ਪ੍ਰਸੰਗ: ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਰਾਵੀ ਤੇ ਝਨਾਂ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਕਵੀ ਨੇ ਸਹੁਰੇ ਘਰ ਵਿੱਚ ਆਪਣੇ ਸੁਹੱਪਣ, ਪਿਆਰ ਵੰਡਣ ਵਾਲੀ, ਨੱਚ-ਨੱਚ ਕੇ ਗਿੱਧੇ ਦੇ ਪਿੜਾਂ ਨੂੰ ਜਿੱਤਣ ਵਾਲੀ ਅਤੇ ਸਭ ਦੀ ਪ੍ਰਸ਼ੰਸਾ ਦਾ ਆਨੰਦ ਮਾਣਦੀ ਮੁਟਿਆਰ ਦੇ ਹਾਵ-ਭਾਵ ਬਾਰੇ ਦੱਸਿਆ ਹੈ।

ਵਿਆਖਿਆ: ਇਨ੍ਹਾਂ ਸਤਰਾਂ ਵਿੱਚ ਮੁਟਿਆਰ ਕਹਿੰਦੀ ਹੈ ਕਿ ਮੇਰੇ ਸੁਹੱਪਣ ਅਤੇ ਮਿੱਠੀ ਸੀਰਤ ਤੋਂ ਪ੍ਰਭਾਵਿਤ ਹੋ ਕੇ ਮੇਰੇ ਸਹੁਰਿਆਂ ਵਿੱਚ ਸਭ ਨੇ ਮੇਰਾ ਇੱਕ ਦੂਜੇ ਤੋਂ ਵੱਧ ਸੋਹਣਾ ਨਾ ਰੱਖਣ ਲਈ ਕਿਸੇ ਨੇ ਮੈਨੂੰ ਖੁਸ਼ੀ ਅਤੇ ਪਿਆਰ ਵਿੱਚ ਉੱਛਲਦੀ ਵੇਖ ਕੇ ਮੇਰਾ ਨਾਂ 'ਰਾਵੀ' ਰੱਖਿਆ ਅਤੇ ਕਿਸੇ ਨੇ ਮੇਰਾ ਨਾਂ 'ਝਨਾਂ' ਰੱਖਿਆ। ਜਦੋਂ ਮੈਂ ਨਵੀਂ-ਨਵੀਂ ਵਿਆਹੀ ਸਹੁਰੇ ਘਰ ਆਈ ਤੇ ਮੈਂ ਆਪਣੇ ਮੂੰਹ ਤੋਂ ਫੁੱਲਾਂ ਭਰੀ ਚੁੰਨੀ ਦਾ ਘੁੰਡ ਸਰਕਾਇਆ ਤਾਂ ਮੇਰੀ ਸੱਸ ਦੇ ਭਾਗ ਹਰੀਆਂ-ਭਰੀਆਂ ਵੇਲਾਂ ਨਾਲ ਭਰ ਗਏ ਭਾਵ ਕਿ ਉਸ ਦੇ ਘਰ ਵਿੱਚ ਖੁਸ਼ੀਆਂ ਦੀਆਂ ਰੌਣਕਾਂ ਲੱਗ ਗਈਆਂ। ਉੱਥੇ ਵੱਸਦੇ ਲੋਕ ਮੇਰੇ ਸੁਹੱਪਣ ਅਤੇ ਪਿਆਰ ਦੀ ਧੁੱਪ ਨੂੰ ਛਾਂ ਵਾਂਗ ਮਾਣਨ ਲੱਗੇ। ਭਾਵ ਕਿ ਮੈਂ ਆਪਣੇ ਪਿਆਰ ਤੇ ਅਪਣੱਤ ਭਰੇ ਸੁਭਾਅ ਨਾਲ ਸਭ ਦਾ ਦਿਲ ਜਿੱਤ ਲਿਆ।

ਉੱਥੇ ਸੌਣ ਦੇ ਮਹੀਨੇ ਵਿੱਚ ਤੀਆਂ ਲੱਗੀਆਂ ,
ਸਾਡੇ ਵਿੱਚ ਕੋਈ ਨਾ ਠੱਗ ਫੇਰ ਹੋਈਆਂ ਠੱਗੀਆਂ ।
ਫੇਰ ਠੱਗੀਆਂ ਦਾ ਮੇਰੇ ' ਤੇ ਨਿਆਂ ਰੱਖਿਆ ,
ਮੇਰੇ ਸਹੁਰਿਆਂ ਨੇ ……………………।

ਪ੍ਰਸੰਗ: ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਰਾਵੀ ਤੇ ਝਨਾਂ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਕਵੀ ਨੇ ਸਹੁਰੇ ਘਰ ਵਿੱਚ ਆਪਣੇ ਸੁਹੱਪਣ, ਪਿਆਰ ਵੰਡਣ ਵਾਲੀ, ਨੱਚ-ਨੱਚ ਕੇ ਗਿੱਧੇ ਦੇ ਪਿੜਾਂ ਨੂੰ ਜਿੱਤਣ ਵਾਲੀ ਅਤੇ ਸਭ ਦੀ ਪ੍ਰਸ਼ੰਸਾ ਦਾ ਆਨੰਦ ਮਾਣਦੀ ਮੁਟਿਆਰ ਦੇ ਹਾਵ-ਭਾਵ ਬਾਰੇ ਦੱਸਿਆ ਹੈ।

**ਵਿਆਖਿਆ:** ਇਨ੍ਹਾਂ ਸਤਰਾਂ ਵਿੱਚ ਮੁਟਿਆਰ ਕਹਿੰਦੀ ਹੈ ਕਿ ਸਾਉਣ ਦੇ ਮਹੀਨੇ ਜਦੋਂ ਮੇਰੇ ਪਿੰਡ ਵਿੱਚ ਤੀਆਂ ਲੱਗੀਆਂ ਤਾਂ ਉੱਥੇ ਅਸੀਂ ਸਾਰੀਆਂ ਨੇ ਇਕੱਠੀਆਂ ਹੋ ਕੇ ਤੀਆਂ ਦੇ ਗੀਤ ਗਾਏ ਅਤੇ ਗਿੱਧੇ ਵਿੱਚ ਖ਼ੂਬ ਨੱਚੀਆਂ। ਸਾਡੇ ਵਿੱਚ ਤਾਂ ਕੋਈ ਵੀ ਠੱਗਣੀ ਨਹੀਂ ਸੀ ਪਰ ਫਿਰ ਵੀ ਸਾਡੇ ਸੁਹੱਪਣ ਅਤੇ ਅਦਾਵਾਂ ਨੇ ਬਹੁਤ ਸਾਰੇ ਗੱਭਰੂਆਂ ਦੇ ਦਿਲਾਂ ਨੂੰ ਠੱਗ ਲਿਆ। ਫਿਰ ਉਨ੍ਹਾਂ ਠੱਗੇ ਗਏ ਨੌਜਵਾਨਾਂ ਨੇ ਨਿਆਂ ਦੀ ਆਸ ਵੀ ਮੇਰੇ ਤੋਂ ਹੀ ਕੀਤੀ।

**ਮੈਨੂੰ ਮੱਲੋ - ਮੱਲੀ ਗਿੱਧੇ ' ਚ ਨਚੌਣ ਵਾਲੀਆਂ ,**
**ਸੱਭੇ ਹੋ ਗਈਆਂ ਬੇਹੋਸ਼ ਗਿੱਧਾ ਪਾਉਣ ਵਾਲੀਆਂ ।**
**ਸਾਰਾ ਹੱਥਾਂ ਤੇ ਨਚਾਈ ਮੈਂ ਗਿਰਾਂ ਰੱਖਿਆ ,**
**ਮੇਰੇ ਸਹੁਰਿਆਂ ਨੇ .......................।**

**ਪ੍ਰਸੰਗ:** ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਰਾਵੀ ਤੇ ਝਨਾਂ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਕਵੀ ਨੇ ਸਹੁਰੇ ਘਰ ਵਿੱਚ ਆਪਣੇ ਸੁਹੱਪਣ, ਪਿਆਰ ਵੰਡਣ ਵਾਲੀ, ਨੱਚ-ਨੱਚ ਕੇ ਗਿੱਧੇ ਦੇ ਪਿੜਾਂ ਨੂੰ ਜਿੱਤਣ ਵਾਲੀ ਅਤੇ ਸਭ ਦੀ ਪ੍ਰਸ਼ੰਸਾ ਦਾ ਆਨੰਦ ਮਾਣਦੀ ਮੁਟਿਆਰ ਦੇ ਹਾਵ-ਭਾਵ ਬਾਰੇ ਦੱਸਿਆ ਹੈ।

**ਵਿਆਖਿਆ:** ਇਨ੍ਹਾਂ ਸਤਰਾਂ ਵਿੱਚ ਮੁਟਿਆਰ ਕਹਿੰਦੀ ਹੈ ਕਿ ਹੈ ਸਹੁਰੇ ਪਿੰਡ ਦੀਆਂ ਤੀਆਂ ਵਿੱਚ ਜਿਹਨਾਂ ਨੇ ਮੈਨੂੰ ਮੱਲੋ-ਮੱਲੀ ਨੱਚਣ ਲਈ ਲਾਇਆ ਸੀ, ਉਹ ਮੈਨੂੰ ਗਿੱਧੇ ਵਿੱਚ ਨੱਚਦੀ ਵੇਖ ਕੇ ਹੈਰਾਨ ਹੋ ਗਇੀਆਂ ਅਤੇ ਮੇਰੇ ਨਾਲ ਹੋਰ ਨੱਚਣ ਵਾਲੀਆਂ ਮੇਰਾ ਨਾਚ ਵੇਖ ਕੇ ਬੇਹੋਸ਼ ਹੋ ਗਈਆਂ। ਇਸ ਤਰ੍ਹਾਂ ਮੈਂ ਆਪਣੇ ਸਹੁਰਿਆਂ ਦਾ ਸਾਰਾ ਪਿੰਡ ਆਪਣੇ ਹੱਥਾਂ ਤੇ ਨਚਾਈ ਰੱਖਿਆ। ਗਿੱਧੇ ਵਿੱਚ ਕੋਈ ਵੀ ਮੇਰੇ ਮੁਕਾਬਲੇ ਟਿਕ ਨਾ ਸਕੀ।

**ਮੈਨੂੰ ਝਾਂਜਰਾਂ ਘੜਾ ਕੇ ਉਹਨਾਂ ਹੋਰ ਦਿੱਤੀਆਂ ,**
**ਨੀ ਉਹ ਮਿੱਥ - ਮਿੱਥ ਗਿੱਧਿਆਂ ਦੇ ਪਿੜ ਜਿੱਤੀਆਂ ।**
**ਮੇਰਾ ਰੂਪ ਵਡਿਆਈ ਹਰ ਥਾਂ ਰੱਖਿਆ ,**
**ਮੇਰੇ ਸਹੁਰਿਆਂ ਨੇ ...... ...........।**

**ਪ੍ਰਸੰਗ:** ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਰਾਵੀ ਤੇ ਝਨਾਂ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਕਵੀ ਨੇ ਸਹੁਰੇ ਘਰ ਵਿੱਚ ਆਪਣੇ ਸੁਹੱਪਣ, ਪਿਆਰ ਵੰਡਣ ਵਾਲੀ, ਨੱਚ-ਨੱਚ ਕੇ ਗਿੱਧੇ ਦੇ ਪਿੜਾਂ ਨੂੰ ਜਿੱਤਣ ਵਾਲੀ ਅਤੇ ਸਭ ਦੀ ਪ੍ਰਸ਼ੰਸਾ ਦਾ ਆਨੰਦ ਮਾਣਦੀ ਮੁਟਿਆਰ ਦੇ ਹਾਵ-ਭਾਵ ਬਾਰੇ ਦੱਸਿਆ ਹੈ।

**ਵਿਆਖਿਆ:** ਇਹਨਾਂ ਸਤਰਾਂ ਵਿੱਚ ਮੁਟਿਆਰ ਕਹਿੰਦੀ ਹੈ ਕਿ ਮੈਨੂੰ ਮੇਰੇ ਸਹੁਰਿਆਂ ਨੇ ਗਿੱਧੇ ਵਿੱਚ ਨੱਚਣ ਲਈ ਸੋਹਣੀਆਂ ਝਾਂਜਰਾਂ ਬਣਵਾ ਕੇ ਦਿੱਤੀਆਂ। ਮੇਰੀਆਂ ਉਨ੍ਹਾਂ ਝਾਂਜਰਾਂ ਨੇ ਮਿੱਥ-ਮਿੱਥ ਕੇ ਗਿੱਧਿਆਂ ਦੇ ਪਿੜਾਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ। ਹਰ ਥਾਂ ਮੇਰੇ ਸੁਹੱਪਣ ਦੀ ਪ੍ਰਸ਼ੰਸਾ ਹੋਈ।

**ਮੇਰੇ ' ਨੂਰਪੁਰੀ ਭਾਗਾਂ ਦੇ ਹਿਸਾਬ ਦੱਸਦਾ ,**
**ਮੇਰੀ ਆਰਸੀ ਦੇ ਸ਼ੀਸ਼ੇ ' ਚ ਪੰਜਾਬ ਵੱਸਦਾ ।**
**ਉਹਨੇ ਨਵੇਂ ਗੀਤ ਦੇਣ ਦਾ ਹਿਆਂ ਰੱਖਿਆ ,**
**ਮੇਰੇ ਸਹੁਰਿਆਂ ਨੇ ………………….।**

**ਪ੍ਰਸੰਗ:** ਇਹ ਕਾਵਿ-ਟੋਟਾ ਪੰਜਾਬੀ ਪੁਸਤਕ 'ਸਾਹਿਤ ਮਾਲਾ' ਵਿੱਚ ਦਰਜ ਕਵੀ ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਰਾਵੀ ਤੇ ਝਨਾਂ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਕਵੀ ਨੇ ਸਹੁਰੇ ਘਰ ਵਿੱਚ ਆਪਣੇ ਸੁਹੱਪਣ, ਪਿਆਰ ਵੰਡਣ ਵਾਲੀ, ਨੱਚ-ਨੱਚ ਕੇ ਗਿੱਧੇ ਦੇ ਪਿੜਾਂ ਨੂੰ ਜਿੱਤਣ ਵਾਲੀ ਅਤੇ ਸਭ ਦੀ ਪ੍ਰਸ਼ੰਸਾ ਦਾ ਆਨੰਦ ਮਾਣਦੀ ਮੁਟਿਆਰ ਦੇ ਹਾਵ-ਭਾਵ ਬਾਰੇ ਦੱਸਿਆ ਹੈ।

**ਵਿਆਖਿਆ:** ਇਹਨਾਂ ਸਤਰਾਂ ਵਿੱਚ ਮੁਟਿਆਰ ਕਹਿੰਦੀ ਹੈ ਕਿ ਸਹੁਰੇ ਪਰਿਵਾਰ ਵਿੱਚ ਉਸਨੂੰ ਬਹੁਤ ਪ੍ਰਸ਼ੰਸਾ ਅਤੇ ਵਡਿਆਈ ਮਿਲੀ ਹੈ। ਕਵੀ ਨੂਰਪੁਰੀ ਦੁਆਰਾ ਉਸਦੇ ਭਾਗਾਂ ਦਾ ਲਾਇਆ ਹਿਸਾਬ-ਕਿਤਾਬ ਦੱਸਦਾ ਹੈ ਕਿ ਉਸਨੂੰ ਵੀ ਮੇਰੇ ਆਰਸੀ ਦੇ ਸ਼ੀਸ਼ੇ ਵਿੱਚ ਸਾਰਾ ਪੰਜਾਬੀ ਸਭਿਆਚਾਰ ਵੱਸਦਾ ਦਿਖਾਈ ਦਿੰਦਾ ਹੈ। ਇਸੇ ਲਈ ਉਸ ਨੇ ਹਮੇਸ਼ਾ ਮੇਰੀ ਪ੍ਰਸ਼ੰਸਾ ਅਤੇ ਵਡਿਆਈ ਸੰਬੰਧੀ ਨਵੇਂ-ਨਵੇਂ ਗੀਤ ਲਿਖਦੇ ਰਹਿਣ ਦਾ ਹੌਂਸਲਾ ਰੱਖਿਆ ਹੈ।

## ਪ੍ਰਸ਼ਨ ਉੱਤਰ

ਪ੍ਰਸ਼ਨ: 'ਰਾਵੀ ਤੇ ਝਨਾਂ' ਕਵਿਤਾ ਦਾ ਕੇਂਦਰੀ ਭਾਵ ਲਿਖੋ।
ਉੱਤਰ: ਸੁਹੱਪਣ ਦੀ ਮਾਲਕ, ਪਿਆਰ ਅਤੇ ਅਪਣੱਤ ਨਾਲ ਭਰਪੂਰ, ਗਿੱਧੇ ਵਿੱਚ ਨੱਚ-ਨੱਚ ਕੇ ਪਿੜ ਜਿੱਤਣ ਵਾਲੀ ਅਤੇ ਮਿੱਠੀ ਸੀਰਤ ਦੀ ਮਾਲਕ ਮੁਟਿਆਰ ਸਹੁਰੇ ਘਰ ਵਿੱਚ ਸਾਰਿਆਂ ਵੱਲੋਂ ਵਡਿਆਈ ਦੀ ਪਾਤਰ ਬਣਦੀ ਹੈ। ਸਾਰੇ ਉਸਦਾ ਆਦਰ-ਮਾਣ ਕਰਦੇ ਹਨ। ਇਹ ਸਭ ਮੁਟਿਆਰ ਨੂੰ ਖੁਸ਼ੀ ਦਿੰਦਾ ਹੈ।
ਪ੍ਰਸ਼ਨ: 'ਰਾਵੀ ਤੇ ਝਨਾਂ' ਕਵਿਤਾ ਵਿੱਚ ਰਾਵੀ ਤੇ ਝਨਾਂ ਕਿਸ ਨੂੰ ਕਿਹਾ ਹੈ?
ਉੱਤਰ: ਸਹੁਰੇ ਘਰ ਆਈ ਨਵੀਂ ਵਿਆਹੀ ਮੁਟਿਆਰ ਨੂੰ।
ਪ੍ਰਸ਼ਨ: ਸਹੁਰੇ ਘਰ ਵਿੱਚ ਆਈ ਨਵੀਂ ਵਿਆਹੀ ਕੁੜੀ ਨੂੰ ਨੱਚਣ ਲਈ ਕਿਹੜਾ ਗਹਿਣਾ ਬਣਵਾ ਕੇ ਦਿੱਤਾ ਗਿਆ?
ਉੱਤਰ: ਝਾਂਜਰਾਂ।
ਪ੍ਰਸ਼ਨ: ਠੱਗੇ ਗਏ ਨੌਜਵਾਨਾਂ ਨੇ ਨਿਆਂ ਦੀ ਆਸ ਕਿਸ ਤੋਂ ਕੀਤੀ?
ਉੱਤਰ: ਮੁਟਿਆਰਾਂ ਤੋਂ।

ਪ੍ਰਸ਼ਨ: ਮੁਟਿਆਰ ਦੀ ਆਰਸੀ ਦੇ ਸ਼ੀਸ਼ੇ ਵਿੱਚ ਕੀ ਵੱਸਦਾ ਦਿਖਾਈ ਦਿੰਦਾ ਹੈ?
ਉੱਤਰ: ਸਾਰਾ ਪੰਜਾਬ।

---


ਤਿਆਰ ਕਰਤਾ:
ਊਸ਼ਾ ਰਾਣੀ, ਪੰਜਾਬੀ ਮਿਸਟ੍ਰੈੱਸ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰ.) ਮੱਤੇਵਾਲ
ਅੰਮ੍ਰਿਤਸਰ
ਮੋਬਾਇਲ 7529022691